# ਬਾਬਾ ਜੀ ਦਾ ਮੇਲਾ ਆ ਗਿਆ

ਬਾਬਾ ਜੀ ਦਾ ਮੇਲਾ ਆ ਗਿਆ
====================
ਧੁਨ- ਨੀ ਮੈਂ ਦੁੱਧ ਕਾਹੇ ਨਾਲ ਰਿੜਕਾਂ
ਅਸੀਂ, ਬਾਬਾ ਜੀ ਦੀ, ਗੁਫ਼ਾ ਉੱਤੇ ਜਾਣਾ,
ਚੇਤ ਦਾ, ਮਹੀਨਾ ਆ ਗਿਆ l
ਅਸੀਂ, ਬਾਬਾ ਜੀ ਦੇ, ਮੰਦਿਰਾਂ ਨੂੰ ਜਾਣਾ,
ਬਾਬਾ ਜੀ ਦਾ, ਮੇਲਾ ਆ ਗਿਆ ll
ਆ ਗਿਆ ਜੀ, ਆ ਗਿਆ,,,
( ਚੇਤ ਮਹੀਨਾ, ਆ ਗਿਆ )
ਆ ਗਿਆ ਜੀ, ਆ ਗਿਆ,,,
( ਬਾਬੇ ਦਾ, ਮੇਲਾ ਆ ਗਿਆ )
ਆ ਗਿਆ ਜੀ, ਆ ਗਿਆ,,,
( ਜੋਗੀ ਦਾ ਚਾਲਾ, ਆ ਗਿਆ )
ਆ ਗਿਆ ਜੀ, ਆ ਗਿਆ,,,
( ਚੇਤ ਮਹੀਨਾ, ਆ ਗਿਆ )
ਸੁੱਖਾਂ, ਸੁੱਖੀਆਂ ਏੇਂ, ਰੋਟ ਚੜ੍ਹਾਉਣਾ,
ਚੇਤ ਦਾ, ਮਹੀਨਾ ਆ ਗਿਆ,,,
ਅਸੀਂ, ਬਾਬਾ ਜੀ ਦੀ,,,,,,,,,,,,,,F
^
ਚੇਤ ਦਾ, ਮਹੀਨਾ ਮਸਾਂ, ਸਾਲ ਬਾਅਦ ਆਇਆ ਏ l
ਬਾਬਾ ਜੀ ਨੇ, ਭਗਤਾਂ ਨੂੰ, ਆਪ ਹੀ ਬੁਲਾਇਆ ਏ ll
*ਹਾਲ, ਦਿਲ ਵਾਲਾ, ਜੋਗੀ ਨੂੰ ਸੁਣਾਉਣਾ,
ਚੇਤ ਦਾ, ਮਹੀਨਾ ਆ ਗਿਆ,,,
ਅਸੀਂ, ਬਾਬਾ ਜੀ ਦੀ,,,,,,,,,,,,,,F
^
ਬੱਸਾਂ, ਗੱਡੀਆਂ 'ਚ ਸੰਗ, ਜੋਗੀ ਦਰ ਜਾਂਦੇ ਨੇ l
ਬੋਲਦੇ, ਜੈਕਾਰੇ ਭੇਟਾਂ, ਉੱਚੀ ਉੱਚੀ ਗਾਉਂਦੇ ਨੇ ll
*ਬਾਂਹੋ, ਫੜ੍ਹ ਸਾਨੂੰ, ਜੋਗੀ ਨੇ ਲੰਘਾਉਣਾ,
ਚੇਤ ਦਾ, ਮਹੀਨਾ ਆ ਗਿਆ,,,
ਅਸੀਂ, ਬਾਬਾ ਜੀ ਦੀ,,,,,,,,,,,,,,F
^
ਸ਼ਾਹ ਤਲਾਈਆਂ, ਮੰਦਿਰਾਂ 'ਚ, ਮੱਥਾ ਪਹਿਲਾਂ ਟੇਕਣਾ l
ਰਤਨੋ ਦਾ, ਘਰ ਜਿੱਥੇ, ਓਹ ਵੀ ਅਸੀਂ ਦੇਖਣਾ ll
*ਧੂਣਾ, ਚਰਨ, ਗੰਗਾ ਦੇ ਉੱਤੇ ਲਾਉਣਾ,
ਚੇਤ ਦਾ, ਮਹੀਨਾ ਆ ਗਿਆ,,,
ਅਸੀਂ, ਬਾਬਾ ਜੀ ਦੀ,,,,,,,,,,,,,,F
^
ਸੋਹਣੇ ਸੋਹਣੇ, ਝੰਡੇ ਜਾ ਕੇ, ਗੁਫ਼ਾ ਤੇ ਚੜ੍ਹਾਉਣੇ ਆਂ l
ਪੌਣਾਹਾਰੀ, ਬਾਬਾ ਜੀ ਦੇ, ਦਰਸ਼ਨ ਪਾਉਣੇ ਆਂ ll
*ਸੋਹਣੀ, ਪੱਟੀ ਵਾਲੇ ਨੇ ਹੈ, ਜੱਸ ਗਾਉਣਾ,
ਚੇਤ ਦਾ, ਮਹੀਨਾ ਆ ਗਿਆ,,,
ਅਸੀਂ, ਬਾਬਾ ਜੀ ਦੀ,,,,,,,,,,,,,,F

**ਅਪਲੋਡਰ- ਅਨਿਲਰਾਮੂਰਤੀਭੋਪਾਲ**

https://bhajanganga.com/bhajan/lyrics/id/33458/title/BABA-JI-DA-MELA-AA-GAYA

अपने Android मोबाइल पर BhajanGanga App डाउनलोड करें और भजनों का आनंद ले |